ਵੱਲੋਂ

ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ
(ਤਕਨੀਕੀ ਸਿੱਖਿਆ ਵਿੰਗ), ਚੰਡੀਗੜ੍ਹ।

ਸੇਵਾ ਵਿੱਚ

ਪ੍ਰਿੰਸੀਪਲ,
----------------------------
----------------------------
----------------------------

ਮੀਮੋ ਨੰ: 459-558 /ਸ-4/ਈ.ਸੀ.ਸੀ./2013 ਮਿਤੀ: 23/1/2013

ਵਿਸ਼ਾ:- ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਸਾਲ 2012-13 ਦੇ ਕਲੇਮ ਦੀ ਅਦਾਇਗੀ ਕਰਨ ਸੰਬਧੀ।

ਉਪਰੋਕਤ ਵਿਸ਼ੇ ਦੇ ਸੰਬਧ ਵਿੱਚ ਐਸ.ਸੀ ਵਿਦਿਆਰਥੀਆਂ ਦੇ ਕੇਸ ਮਿਤੀ 30.11.2012 ਤੱਕ ਮੰਗੇ ਗਏ ਸੀ ਪਰੰਤੂ ਆਪ ਦੀ ਸੰਸਥਾ ਵੱਲੋ ਇਸ ਵਿਭਾਗ ਨੂੰ ਜ਼ੋ ਕੇਸ ਪ੍ਰਾਪਤ ਹੋਏ ਹਨ ਉਹਨਾਂ ਕੇਸਾਂ ਵਿੱਚ ਹਦਾਇਤਾਂ ਮੁਤਾਬਕ ਕੁਝ ਤੁਰਟੀਆਂ ਪਾਈਆ ਗਈਆਂ ਸਨ ਜਿਸ ਸਬੰਧੀ ਆਪਦੀ ਸੰਸਥਾ ਨੂੰ ਟੈਲੀਫੋਨ ਰਾਹੀਂ ਸੂਚਿਤ ਕਰ ਦਿੱਤਾ ਗਿਆ ਸੀ । ਇਸ ਲਈ ਇਹਨਾਂ ਤੁੱਰਟੀਆਂ ਨੂੰ ਹਰ ਪੱਖੋਂ ਦੂਰ ਕਰਨ ਉਪਰੰਤ ਮੁਕੰਮਲ ਕੇਸ ਮਿਤੀ 31.1.2013 ਤੱਕ ਭੇਜਣਾ ਯਕੀਨੀ ਬਣਾਇਆ ਜਾਵੇ।

ਇਸ ਤੋ਼ ਇਲਾਵਾ ਜੇਕਰ ਉਪਰੋਕਤ ਸਕੀਮ ਅਧੀਨ ਕੋਈ ਵੀ ਐਸ.ਸੀ ਕੈਟਾਗਰੀ ਨਾਲ ਸਬੰਧਤ ਹੋਰ ਐਸ.ਸੀ ਵਿਦਿਆਰਥੀ ਕਵਰ ਹੁੰਦਾ ਹੈ ਤਾਂ ਉਸ ਦੇ ਕਲੇਮ ਸਬੰਧੀ ਮੁਕੰਮਲ ਕੇਸ ਮਿਤੀ 31.01.2013 ਤੱਕ ਹਰ ਹਾਲਤ ਵਿੱਚ ਭੇਜਣਾ ਯਕੀਨੀ ਬਣਾਇਆ ਜਾਵੇ।ਜੇਕਰ ਮਿਤੀ 31.01.2013 ਤੋਂ ਬਾਅਦ ਕੋਈ ਵੀ ਕੇਸ ਪੈਡਿੰਗ ਰਹਿ ਜਾਂਦਾ ਹੈ ਤਾਂ ਉਸ ਦੀ ਨਿਰੋਲ ਜਿੰਮੇਵਾਰੀ ਆਪ ਦੀ ਸੰਸਥਾ ਦੀ ਹੋਵੇਗੀ ਅਤੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਮਿਤੀ 31.01.2013 ਤੋਂ ਬਾਅਦ ਕਿਸੇ ਵੀ ਪ੍ਰਾਈਵੇਟ ਸੰਸਥਾ ਦੇ ਯੋਗ ਉਮੀਦਵਾਰ ਦਾ ਕੇਸ ਕਿਸੇ ਅਣਗਹਿਲੀ ਕਾਰਨ ਭੇਜਣਾ ਰਹਿ ਜਾਂਦਾ ਹੈ ਤਾਂ ਉਸ ਦੇ ਕਲੇਮ ਸਬੰਧੀ ਜੁਮੇਵਾਰੀ ਸੰਸਥਾ ਦੀ ਹੋਵੇਗੀ ਅਤੇ ਜੇਕਰ ਸਰਕਾਰੀ ਕਾਲਜ ਦੇ ਯੋਗ ਵਿਦਿਆਰਥੀ ਦਾ ਕੇਸ ਭੇਜਣਾ ਰਹਿ ਜਾਂਦਾ ਹੈ ਤਾਂ ਉਸ ਦੇ ਕਲੇਮ ਸਬੰਧਤ ਪ੍ਰਿੰਸੀਪਲ ਦੀ ਨਿਜੀ ਜ਼ੁਮੇਵਾਰੀ ਹੋਵੇਗੀ

ਇਸ ਤੋ਼ ਇਲਾਵਾ ਉਪਰੋਕਤ ਸਬੰਧੀ ਹਰ ਸੰਸਥਾ ਇਹ ਸਰਟੀਫਿਕੇਟ ਦੇਵੇਗੀ ਕਿ ਮਿਤੀ 31.01.2013 ਤੋਂ ਬਾਅਦ ਸੰਸਥਾ ਦਾ ਕੋਈ ਐਸ.ਸੀ ਵਿਦਿਆਰਥੀ ਦਾ ਕੇਸ ਸੰਸਥਾ ਪੱਧਰ ਤੇ ਪੈਡਿੰਗ ਨਹੀ ਹੈ।

ਨੱਥੀ/ਉਪਰੋਕਤ ਅਨੁਸਾਰ

23/1/13
ਵਧੀਕ ਡਾਇਰੈਕਟਰ
ਵਾ:ਡਾਇਰੈਕਟਰ, ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

23/1/2013